ਧੱਕੇਸ਼ਾਹੀ ਵਾਲੇ ਵਤੀਰੇ ਦੀ ਪਛਾਣ ਕਰਨਾ

ਧੱਕੇਸ਼ਾਹੀ ਵਾਲਾ ਵਤੀਰਾ ਪ੍ਰਤੱਖ ਜਾਂ ਲੁਕਵਾਂ ਹੋ ਸਕਦਾ ਹੈ – ਕਦੇ ਕਦੇ ਇਸ ਦੀ ਪਛਾਣ ਕਰਨਾ ਔਖਾ ਹੁੰਦਾ ਹੈ। ਅੱਗੇ ਲਿਖੇ ਸਵਾਲ ਇਹ ਪਤਾ ਲਾਉਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਕੀ ਤੁਹਾਡੇ ਬੱਚੇ ਨਾਲ ਹੋਰਨਾਂ ਵਲੋਂ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਜਾਂ ਉਹ ਹੋਰਨਾਂ ਨਾਲ ਧੱਕੇਸ਼ਾਹੀ ਕਰ ਰਿਹਾ ਹੈ:

- *ਕੀ ਤੁਹਾਡਾ ਬੱਚਾ ਮਾੜਾ ਵਰਤਾਉ ਕੀਤੇ ਜਾਣ ਦੀ ਸ਼ਿਕਾਇਤ ਕਰ ਰਿਹਾ ਹੈ?*
- *ਕੀ ਤੁਸੀਂ ਬਦਲੇ ਹੋਏ ਵਤੀਰੇ ਦੀਆਂ ਨਿਸ਼ਾਨੀਆਂ ਦੇਖੀਆਂ ਹਨ?*
- *ਉਨੀਂਦਰਾ? ਚਿੰਤਾ? ਭੁੱਖ ਨਾ ਲੱਗਣਾ?*
- *ਗੁੱਸੇ ਦੇ ਦੌਰੇ? ਸਵੇਰ ਨੂੰ ਬੀਮਾਰ ਹੋਣਾ?*
- *ਭੈਣਾਂ-ਭਰਾਵਾਂ ਪ੍ਰਤੀ ਜ਼ਿਆਦਾ ਲੜਾਕੇ ਹੋਣਾ?*
- *ਕੀ ਤੁਹਾਡਾ ਬੱਚਾ ਘਰ ਵਿੱਚੋਂ ਬਾਹਰ ਜਾਣ ਦਾ ਖਾਹਸ਼ਮੰਦ ਨਹੀਂ ਹੈ/ ਬਾਹਰ ਜਾਣ ਤੋਂ ਡਰਦਾ ਹੈ, ਸਕੂਲ ਨੂੰ ਜਾਣ ਦਾ ਆਪਣਾ ਰਾਹ ਬਦਲਣਾ ਚਾਹੁੰਦਾ ਹੈ, ਜਾਂ ਸਕੂਲ ਤੋਂ ਛੁੱਟੀ ਕਰਨਾ ਚਾਹੁੰਦਾ ਹੈ?*
- *ਕੀ ਤੁਹਾਡਾ ਬੱਚਾ ਸਕੂਲ ਛੱਡਣ ਬਾਰੇ ਗੱਲ ਕਰਦਾ ਹੈ ਪਰ ਕਾਰਨਾਂ ਬਾਰੇ ਗੋਲਮੋਲ ਗੱਲ ਕਰਦਾ ਹੈ?*
- *ਕੀ ਤੁਹਾਡਾ ਬੱਚਾ ਪਾਟੇ ਕੱਪੜਿਆਂ, ਨਾ ਬਿਆਨੇ ਜਾਣ ਵਾਲੇ ਨੀਲਾਂ, ਨਵੇਂ ਕੱਪੜਿਆਂ ਜਾਂ ਹੋਰ ਚੀਜ਼ਾਂ ਜਾਂ ਅਜਿਹੇ ਪੈਸਿਆਂ ਨਾਲ ਘਰ ਆਉਂਦਾ ਹੈ ਜਿਹੜੇ ਉਹਦੇ ਕੋਲ ਨਹੀਂ ਹੋਣੇ ਚਾਹੀਦੇ?*
- *ਕੀ ਤੁਹਾਡਾ ਬੱਚਾ ਹੋਰ ਵਿਦਿਆਰਥੀਆਂ ਦੇ ਵਤੀਰੇ ਦਾ ਅਜਿਹੇ ਤਰੀਕੇ ਨਾਲ ਜਵਾਬ ਦੇਣ ਦੀ ਗੱਲ ਕਰਦਾ ਹੈ ਜਿਸ ਕਰਕੇ ਸਕੂਲ ਤੁਹਾਡੇ ਬੱਚੇ ਦੇ ਖਿਲਾਫ ਅਨੁਸਾਸ਼ਨੀ ਕਦਮ ਚੁੱਕ ਸਕਦਾ ਹੈ?*
- *ਕੀ ਤੁਹਾਡੇ ਬੱਚੇ ਦੇ ਗਰੇਡ ਨਾਟਕੀ ਤਰੀਕੇ ਨਾਲ ਘਟ ਗਏ ਹਨ?*

ਵਸੀਲੇ

ਮਨਿਸਟਰੀ ਆਫ ਐਜੂਕੇਸ਼ਨ ਅਤੇ ਇਸ ਦੇ ਵਿਦਿਅਕ ਸਹਿਯੋਗੀਆਂ ਨੇ, ਬ੍ਰਿਟਿਸ਼ ਕੋਲੰਬੀਆ ਦੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਦੇ ਢੰਗ ਤਿਆਰ ਕਰਨ ਵਿਚ ਸਕੂਲਾਂ ਅਤੇ ਮਾਪਿਆਂ ਦੀ ਮਦਦ ਕਰਨ ਲਈ ਕਈ ਤਰ੍ਹਾਂ ਦੀ ਸਾਮੱਗਰੀ ਤਿਆਰ ਕੀਤੀ ਹੋਈ ਹੈ।

ਸੁਰੱਖਿਅਤ, ਖਿਆਲ ਰੱਖਣ ਵਾਲੇ ਅਤੇ ਅਨੁਸ਼ਾਸਿਤ ਸਕੂਲਾਂ ਦਾ ਵੈੱਬਸਾਈਟ: *www.bced.gov.bc.ca/sco/resources.htm*

ਇਹ ਪੜ੍ਹੋ:

- ***ਸੇਫ, ਕੇਅਰਿੰਗ ਐਂਡ ਓਰਡਰਲੀ ਸਕੂਲਜ਼: ਏ ਗਾਈਡ***
- ***ਡਾਇਵਰਸਟੀ ਇਨ ਬੀ ਸੀ ਸਕੂਲਜ਼: ਏ ਫਰੇਮਵਰਕ***
- ***ਬੀ ਸੀ ਪ੍ਰਫੌਰਮੈਂਸ ਸਟੈਂਡਰਡਜ਼ ਫਾਰ ਸੋਸ਼ਲ ਰਿਸਪੌਂਸੀਬਿਲਟੀ***
- ***ਪ੍ਰੌਵਿੰਸ਼ੀਅਲ ਸਟੈਂਡਰਡਜ਼ ਫਾਰ ਕੋਡਜ਼ ਆਫ ਕੰਡਕਟ***
- ***ਸੇਫਟੀ ਐਂਡ ਦਾ ਇੰਟਰਨੈੱਟ***
- ***ਕਾਲ ਇਟ ਸੇਫ*** *– ਬੀ ਸੀ ਕਨਫੈਡਰੇਸ਼ਨ ਆਫ ਪੇਰੈਂਟ ਐਡਵਾਈਜ਼ਰੀ ਕੌਂਸਲਜ਼ (ਬੀ ਸੀ ਸੀ ਪੀ ਏ ਸੀ) ਵਲੋਂ ਮਾਪਿਆਂ ਲਈ ਤਿਆਰ ਕੀਤੀਆਂ ਗਈਆਂ ਗਾਈਡਾਂ ਜੋ ਕਿ ਇਸ ਚੀਜ਼ ਬਾਰੇ ਜਾਣਕਾਰੀ ਦਿੰਦੀਆਂ ਹਨ ਕਿ ਧੱਕੇਸ਼ਾਹੀ ਵਾਲੇ ਵਤੀਰੇ ਦੀ ਪਛਾਣ ਕਿਵੇਂ ਕਰਨੀ ਹੈ ਅਤੇ ਇਸ ਦਾ ਮੁਕਾਬਲਾ ਕਿਵੇਂ ਕਰਨਾ ਹੈ।*

ਬੀ ਸੀ ਸੀ ਪੀ ਏ ਸੀ ਐਡਵੋਕੇਸੀ ਪ੍ਰੋਜੈਕਟ
ਬੀ ਸੀ ਸੀ ਪੀ ਏ ਸੀ ਮਾਪਿਆਂ ਅਤੇ ਬੀ ਸੀ ਸਕੂਲ ਸਿਸਟਮ ਵਿਚਾਲੇ ਬੱਚਿਆਂ ਅਤੇ ਜਵਾਨਾਂ ਦੀ ਹਿਮਾਇਤ ਕਰਦੀ ਹੈ। *1-888-351-9834*
ਜਾਂ *www.bccpac.bc.ca*

ਯੂਥ ਅਗੇਂਸਟ ਵਾਇਲੈਂਸ ਲਾਈਨ
ਵਾਈ ਏ ਵੀ ਲਾਈਨ, ਬੱਚਿਆਂ, ਜਵਾਨਾਂ, ਮਾਪਿਆਂ ਨੂੰ ਗੁਪਤ ਮਦਦ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ। *1-800-680-4264*
ਜਾਂ *info@youthagainstviolenceline.com*

ਧੱਕੇਸ਼ਾਹੀ ਇਕ ਸਿੱਖਿਆ ਜਾਣ ਵਾਲਾ ਵਤੀਰਾ ਹੈ ਜੋ ਕਿ ਜ਼ਿਆਦਾ ਹਾਂ-ਪੱਖੀ ਵਤੀਰੇ ਨਾਲ ਬਦਲਿਆ ਜਾ ਸਕਦਾ ਹੈ।

ਬੱਚਿਆਂ ਨੂੰ ਸੁਰੱਖਿਅਤ ਰੱਖਣਾ

ਧੱਕੇਸ਼ਾਹੀ, ਪਰੇਸ਼ਾਨੀ ਅਤੇ ਡਰਾਏ ਜਾਣ ਤੋਂ

ਪੜ੍ਹਾਈ ਲਈ ਸੁਰੱਖਿਅਤ ਮਾਹੌਲ
ਤਿਆਰ ਕਰਨ ਲਈ ਰਲ ਕੇ ਕੰਮ ਕਰਨਾ

ਗਰੇਡ ਕੇ-12 ਵਿਚਲੇ ਵਿਦਿਆਰਥੀਆਂ ਦੇ ਮਾਪਿਆਂ ਲਈ ਇਕ ਗਾਈਡ

BRITISH COLUMBIA
The Best Place on Earth

ਹਰ ਇਕ ਨੂੰ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ

ਵਿਦਿਆਰਥੀ ਆਪਣੇ ਵਤੀਰੇ ਲਈ ਜ਼ਿੰਮੇਵਾਰੀ ਲੈ ਕੇ ਮਦਦ ਕਰ ਸਕਦੇ ਹਨ – ਅਤੇ ਉਦੋਂ ਆਵਾਜ਼ ਉਠਾ ਕੇ ਮਦਦ ਕਰ ਸਕਦੇ ਹਨ ਜਦੋਂ ਹੋਰਨਾਂ ਦੇ ਹੱਕ ਜਾਂ ਸੁਰੱਖਿਆ ਨੂੰ ਖਤਰਾ ਹੋਵੇ।

ਮਾਪੇ ਅਤੇ ਪਰਿਵਾਰ ਬੱਚਿਆਂ ਨੂੰ ਇਹ ਸਿਖਾ ਕੇ ਮਦਦ ਕਰ ਸਕਦੇ ਹਨ ਕਿ ਉਹ ਦੂਜਿਆਂ ਦਾ ਖਿਆਲ ਰੱਖਣ, ਸਾਥੀ ਵਿਦਿਆਰਥੀਆਂ ਨਾਲ ਮਿਲ ਕੇ ਰਹਿਣ, ਗੁੱਸੇ ਵਾਲੀਆਂ ਭਾਵਨਾਵਾਂ ਨੂੰ ਕਾਬੂ ਵਿਚ ਰੱਖਣ, ਅਤੇ ਆਪਣੇ ਆਪ ਲਈ ਅਤੇ ਹੋਰਨਾਂ ਲਈ ਖੜ੍ਹਣ ਵੇਲੇ ਬਿਨਾਂ ਜ਼ਿਆਦਤੀ ਕੀਤਿਆਂ ਅੜੇ ਰਹਿਣ।

ਮਾਪੇ ਆਪਣੇ ਬੱਚਿਆਂ ਨਾਲ ਇਸ ਚੀਜ਼ ਬਾਰੇ ਗੱਲ ਕਰ ਸਕਦੇ ਹਨ ਕਿ ਜੇ ਉਹ ਸੁਰੱਖਿਅਤ ਮਹਿਸੂਸ ਨਾ ਕਰਨ ਜਾਂ ਦੂਸਰੇ ਸੁਰੱਖਿਅਤ ਨਾ ਹੋਣ ਤਾਂ ਉਹ ਮਦਦ ਲਈ ਕਿੱਥੇ ਜਾ ਸਕਦੇ ਹਨ।

ਮਾਪੇ ਧਿਆਨ ਨਾਲ ਆਪਣੇ ਬੱਚਿਆਂ ਨੂੰ ਸੁਣ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਸਰੋਕਾਰਾਂ ਬਾਰੇ ਦੱਸਣ ਲਈ ਉਤਸ਼ਾਹ ਦੇ ਸਕਦੇ ਹਨ। ਕਦੇ ਕਦੇ ਬੱਚੇ ਅਤੇ ਜਵਾਨ ਉਨ੍ਹਾਂ ਚੀਜ਼ਾਂ ਬਾਰੇ ਗੱਲ ਕਰਨ ਤੋਂ ਝਿਜਕਦੇ ਹਨ ਜਿਨ੍ਹਾਂ ਬਾਰੇ ਉਹ ਫਿਕਰਮੰਦ ਹੁੰਦੇ ਹਨ ਅਤੇ ਇਹ ਪਤਾ ਲਾਉਣ ਲਈ ਉਨ੍ਹਾਂ ਨੂੰ ਮਦਦ ਦੀ ਲੋੜ ਹੋ ਸਕਦੀ ਹੈ ਕਿ ਸਮੱਸਿਆ ਕੀ ਹੈ ਅਤੇ ਇਸ ਬਾਰੇ ਆਪਣੀਆਂ ਭਾਵਨਾਵਾਂ ਦੱਸਣ ਲਈ ਸ਼ਬਦ ਕਿਵੇਂ ਲੱਭਣੇ ਹਨ।

ਮਾਪੇ ਸਮੱਸਿਆਵਾਂ ਦਾ ਹੱਲ ਕਰਨ ਲਈ ਸਕੂਲਾਂ ਨਾਲ ਰਲ ਕੇ ਕੰਮ ਕਰ ਸਕਦੇ ਹਨ।

ਸਕੂਲ, ਪ੍ਰਵਾਨਯੋਗ ਵਤੀਰੇ ਦੀਆਂ ਸਪਸ਼ਟ ਉਮੀਦਾਂ ਮਿੱਥ ਸਕਦੇ ਹਨ, ਉਨ੍ਹਾਂ ਬਾਰੇ ਦੱਸ ਸਕਦੇ ਹਨ ਅਤੇ ਇਨ੍ਹਾਂ ਨੂੰ ਲਗਾਤਾਰ ਲਾਗੂ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਬਣਾ ਸਕਦੇ ਹਨ।

ਟੀਚਰ, ਸਮਾਜਿਕ ਤੌਰ 'ਤੇ ਜ਼ਿੰਮੇਵਾਰ ਵਤੀਰੇ ਦਾ ਮਾਡਲ ਬਣ ਸਕਦੇ ਹਨ, ਇਹ ਸਿਖਾ ਸਕਦੇ ਹਨ ਅਤੇ ਇਸ ਨੂੰ ਉਤਸ਼ਾਹ ਦੇ ਸਕਦੇ ਹਨ, ਜਿਵੇਂ ਕਿ ਸਕੂਲ ਕਮਿਊਨਟੀ ਵਿਚ ਯੋਗਦਾਨ ਪਾਉਣਾ, ਸਮੱਸਿਆਵਾਂ ਦੇ ਹੱਲ ਸ਼ਾਂਤਮਈ ਤਰੀਕੇ ਨਾਲ ਕਰਨਾ, ਭਿੰਨਤਾ ਦੀ ਕਦਰ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ।

ਸਕੂਲ, ਆਪਣੇ ਸਕੂਲ ਕੋਡਜ਼ ਆਫ ਕੰਡਕਟ ਵਿਚ ਵਤੀਰੇ ਨਾਲ ਸੰਬੰਧਿਤ ਉਮੀਦਾਂ ਬਾਰੇ ਲਗਾਤਾਰ ਸਿਖਿਆ ਦੇ ਸਕਦੇ ਹਨ ਅਤੇ ਸਰਗਰਮੀ ਨਾਲ ਉਤਸ਼ਾਹਤ ਕਰ ਸਕਦੇ ਹਨ।

ਇਕ ਸਿਹਤਮੰਦ ਸਕੂਲ ਸਭਿਆਚਾਰ ਵਿਚ, ਵਿਦਿਆਰਥੀ ਅਤੇ ਬਾਲਗ ਜੁੜੇ ਹੋਏ ਮਹਿਸੂਸ ਕਰਦੇ ਹਨ ਅਤੇ ਇਕ ਦੂਜੇ ਨਾਲ ਹਾਂ-ਪੱਖੀ, ਮਦਦ ਕਰਨ ਵਾਲੇ ਤਰੀਕਿਆਂ ਵਾਲੇ ਸੰਬੰਧ ਬਣਾਉਂਦੇ ਹਨ।

ਜਦੋਂ ਵਿਦਿਆਰਥੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਸਕੂਲ ਵਿੱਚ ਸੁਆਗਤ ਅਤੇ ਸਮਰਥਨ ਹੈ ਅਤੇ ਉਹ ਸੁਰੱਖਿਅਤ ਹਨ ਤਾਂ ਉਹ ਪੜ੍ਹਾਈ ਵਿਚ ਜ਼ਿਆਦਾ ਹਿੱਸਾ ਲੈਂਦੇ ਹਨ।

ਸਕੂਲ ਦਾ ਵਤੀਰੇ ਬਾਰੇ ਵਿਧਾਨ

ਜ਼ਰੂਰੀ ਹੈ ਕਿ ਸਕੂਲ ਦਾ ਵਤੀਰੇ ਬਾਰੇ ਵਿਧਾਨ (ਸਕੂਲ ਕੋਡਜ਼ ਆਫ ਕੰਡਕਟ) ਵਤੀਰੇ ਨਾਲ ਸੰਬੰਧਿਤ ਉਮੀਦਾਂ ਬਾਰੇ ਅਤੇ ਨਾ-ਮਨਜ਼ੂਰ ਵਤੀਰੇ ਲਈ ਉਮਰ ਮੁਤਾਬਕ ਢੁਕਵੇਂ ਨਤੀਜਿਆਂ ਬਾਰੇ ਦੱਸਦਾ ਹੋਵੇ।

ਮਨਜ਼ੂਰ ਵਤੀਰੇ ਦੀਆਂ ਉਦਾਹਰਣਾਂ:

- *ਆਪਣਾ, ਦੂਜਿਆਂ ਦਾ ਅਤੇ ਸਕੂਲ ਦਾ ਆਦਰ।*
- *ਅਰਥਭਰਪੂਰ ਪੜ੍ਹਾਈ ਵਿਚ ਸ਼ਾਮਲ ਹੋਣਾ।*
- *ਇਸ ਤਰੀਕੇ ਨਾਲ ਕਾਰਜ ਕਰਨਾ ਜਿਹੜਾ ਸਕੂਲ ਦਾ ਮਾਣ ਵਧਾਵੇ।*
- *ਕਿਸੇ 'ਦੱਸਣਯੋਗ' ਬਾਲਗ ਨੂੰ (ਧੱਕੇਸ਼ਾਹੀ, ਪਰੇਸ਼ਾਨੀ ਜਾਂ ਡਰਾਏ ਜਾਣ ਦੀਆਂ ਘਟਨਾਵਾਂ ਦੀ) ਸਮੇਂ ਸਿਰ (ਜੇ ਸੰਭਵ ਹੋਵੇ ਤਾਂ ਅਗਾਊਂ) ਜਾਣਕਾਰੀ ਦੇਣਾ।*

ਨਾ-ਮਨਜ਼ੂਰ ਵਤੀਰੇ ਦੀਆਂ ਉਦਾਹਰਣਾਂ:

- *ਦੂਜਿਆਂ ਦੀ ਪੜ੍ਹਾਈ ਵਿਚ ਦਖਲਅੰਦਾਜ਼ੀ ਕਰਨਾ।*
- *ਵਿਘਨ ਪਾਉਣ ਵਾਲੇ ਬਣਨਾ।*
- *ਸਕੂਲ ਵਿਚ ਜਾਂ ਸਕੂਲ ਦੀਆਂ ਗਰਾਊਂਡਾਂ ਵਿਚ ਅਣਸੁਰੱਖਿਅਤ ਹਾਲਤਾਂ ਪੈਦਾ ਕਰਨਾ।*
- *ਆਹਮੋ-ਸਾਹਮਣੇ ਜਾਂ ਇੰਟਰਨੈੱਟ 'ਤੇ ਦੂਜਿਆਂ ਨਾਲ ਧੱਕੇਸ਼ਾਹੀ ਕਰਨਾ, ਉਨ੍ਹਾਂ ਨੂੰ ਪਰੇਸ਼ਾਨ ਕਰਨਾ ਜਾਂ ਡਰਾਉਣਾ।*
- *ਉਸ ਵਿਅਕਤੀ ਉੱਪਰ ਸਰੀਰਕ ਹਮਲਾ ਕਰਨਾ ਜਾਂ ਉਸ ਤੋਂ ਬਦਲਾ ਲੈਣਾ ਜਿਸ ਨੇ ਘਟਨਾਵਾਂ ਦੀ ਰਿਪੋਰਟ ਕੀਤੀ ਹੈ।*

ਧੱਕੇਸ਼ਾਹੀ, ਪਰੇਸ਼ਾਨ ਕਰਨ ਅਤੇ ਡਰਾਉਣ ਦੀਆਂ ਉਦਾਹਰਣਾਂ:

- *ਗਾਲ੍ਹਾਂ ਕੱਢਣਾ, ਅਣਚਾਹੀ ਛੇੜਖਾਨੀ ਜਾਂ ਟਾਂਚ ਕਰਨਾ।*
- *ਥੱਪੜ ਮਾਰਨਾ, ਸੱਟ ਮਾਰਨਾ, ਚੂੰਢੀ ਵੱਢਣਾ, ਮੁੱਕਾ ਮਾਰਨਾ ਜਾਂ ਠੁੱਡਾ ਮਾਰਨਾ।*
- *ਕਿਸੇ ਬੰਦ ਜਗ੍ਹਾ ਵਿਚ ਬੰਦ ਕਰਨਾ।*
- *ਅਣਚਾਹੀ ਛੂਹ।*
- *ਨਸਲਵਾਦੀ ਜਾਂ ਹੋਮੋਫੋਬਿਕ ਫਿਕਰੇ ਕੱਸਣਾ।*
- *ਧਮਕਾਉਣ ਵਾਲੇ ਨੋਟ, ਚਿੱਠੀਆਂ, ਈਮੇਲਾਂ, ਫੋਨ ਕਾਲਾਂ ਜਾਂ ਅਫਵਾਹਾਂ।*
- *ਸ਼ਬਦਾਂ, ਕਾਰਜਾਂ ਜਾਂ ਹਥਿਆਰਾਂ ਜਾਂ ਕੰਧ-ਲਿਖਤਾਂ (ਗਰੈਫੀਟੀ) ਨਾਲ ਧਮਕਾਉਣਾ।*
- *ਅਫਵਾਹਾਂ, ਗੱਪਾਂ ਫੈਲਾਉਣਾ ਜਾਂ ਕਿਸੇ ਗਰੁੱਪ ਤੋਂ ਬਾਹਰ ਰੱਖਣਾ।*
- *ਧਮਕੀ ਦੇਣ ਵਾਲੀ ਜਾਂ ਬੇਇਜ਼ਤੀ ਕਰਨ ਵਾਲੀ ਕੰਧ-ਲਿਖਤ (ਗਰੈਫੀਟੀ) ਲਿਖਣਾ।*
- *ਪਿੱਛਾ ਕਰਨਾ ਜਾਂ ਧੱਕੇ ਨਾਲ ਪੈਸੇ ਖੋਹਣਾ।*

ਧੱਕੇਸ਼ਾਹੀ, ਪਰੇਸ਼ਾਨੀ ਅਤੇ ਡਰਾਇਆ ਜਾਣਾ ਉਨ੍ਹਾਂ ਸਕੂਲਾਂ ਵਿਚ ਬਹੁਤ ਘੱਟ ਵਾਪਰਦੇ ਹਨ ਜਿੱਥੇ ਵਤੀਰੇ ਨਾਲ ਸੰਬੰਧਿਤ ਉਮੀਦਾਂ ਨੂੰ ਸਪਸ਼ਟ ਰੂਪ ਵਿਚ ਦੱਸਿਆ ਅਤੇ ਸਮਝਿਆ ਜਾਂਦਾ ਹੈ।

ਵਿਦਿਆਰਥੀਆਂ ਵਿਚਕਾਰ ਸਮਾਜਿਕ ਜ਼ਿੰਮੇਵਾਰੀ ਵਧਾਉਣ ਅਤੇ ਆਪਣੇ ਸਕੂਲਾਂ ਦੇ ਸਮਾਜਿਕ ਮਾਹੌਲ ਵਿਚ ਸੁਧਾਰ ਕਰਨ ਲਈ ਸਕੂਲਾਂ ਕੋਲ ਆਪਣੀਆਂ ਕੋਸ਼ਿਸ਼ਾਂ ਨੂੰ ਸੇਧ ਦੇਣ ਵਿਚ ਮਦਦ ਲਈ ਸਾਧਨ ਮੌਜੂਦ ਹੈ। ਬੀ ਸੀ ਪ੍ਰਫੌਰਮੈਂਸ ਸਟੈਂਡਰਡਜ਼ ਫਾਰ ਸੋਸ਼ਲ ਰਿਸਪੌਂਸੀਬਿਲਟੀ, ਟੀਚਰਾਂ, ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਚਾਰ ਖੇਤਰਾਂ ਵਿਚ ਵਿਦਿਆਰਥੀਆਂ ਦੇ ਵਿਕਾਸ ਲਈ ਉਮੀਦਾਂ ਦਾ ਇਕ ਆਮ ਜੁੱਟ ਪ੍ਰਦਾਨ ਕਰਦਾ ਹੈ:

1 *ਕਲਾਸਰੂਮ ਅਤੇ ਸਕੂਲ ਕਮਿਊਨਟੀ ਵਿਚ ਯੋਗਦਾਨ ਪਾਉਣਾ*

- *ਸੁਆਗਤ ਕਰਨ ਵਾਲੇ, ਦੋਸਤ, ਦਿਆਲੂ ਅਤੇ ਮਦਦ ਕਰਨ ਵਾਲੇ ਬਣ ਕੇ।*
- *ਕਲਾਸਰੂਮ ਦੀਆਂ ਸਰਗਰਮੀਆਂ ਵਿਚ ਖੁਸ਼ੀ ਨਾਲ ਹਿੱਸਾ ਲੈ ਕੇ ਅਤੇ ਰਲ ਕੇ ਕੰਮ ਕਰਕੇ।*
- *ਵਾਧੂ ਜ਼ਿੰਮੇਵਾਰੀਆਂ ਲਈ ਵਾਲੰਟੀਅਰ ਬਣ ਕੇ।*

2 *ਮਤਭੇਦਾਂ ਦੇ ਹੱਲ ਸ਼ਾਂਤਮਈ ਤਰੀਕਿਆਂ ਨਾਲ ਕਰਨਾ*

- *ਭਾਵਨਾਵਾਂ ਨੂੰ ਈਮਾਨਦਾਰੀ ਨਾਲ ਪ੍ਰਗਟਾ ਕੇ, ਗੁੱਸੇ ਵਾਲੀਆਂ ਭਾਵਨਾਵਾਂ ਨੂੰ ਸਹੀ ਤਰੀਕੇ ਨਾਲ ਕਾਬੂ ਵਿਚ ਰੱਖ ਕੇ ਅਤੇ ਆਦਰਮਈ ਤਰੀਕੇ ਨਾਲ ਸੁਣ ਕੇ।*
- *ਵੱਖਰੇ ਵਿਚਾਰਾਂ ਪ੍ਰਤੀ ਹਮਦਰਦੀ ਦਿਖਾ ਕੇ ਅਤੇ ਇਨ੍ਹਾਂ 'ਤੇ ਵਿਚਾਰ ਕਰਕੇ।*
- *ਆਪਸੀ ਸਮੱਸਿਆਵਾਂ ਦਾ ਹੱਲ ਕਰਨ ਲਈ ਸ਼ਾਂਤ ਤਰੀਕੇ ਨਾਲ ਕੰਮ ਕਰਕੇ ਅਤੇ ਇਹ ਜਾਣ ਕੇ ਕਿ ਕਿਸੇ ਬਾਲਗ ਦੀ ਮਦਦ ਕਦੋਂ ਲੈਣੀ ਹੈ।*

3 *ਭਿੰਨਤਾ ਦੀ ਕਦਰ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਕਰਨਾ*

- *ਦੂਜਿਆਂ ਨਾਲ ਵਾਜਬ ਤਰੀਕੇ ਅਤੇ ਆਦਰ ਨਾਲ ਵਰਤਾਉ ਕਰਕੇ ਅਤੇ ਨਿਰਪੱਖ ਅਤੇ ਸਦਾਚਾਰਕ ਰਹਿ ਕੇ।*
- *ਬੇਇਨਸਾਫੀ ਨੂੰ ਠੀਕ ਕਰਨ ਵਿਚ ਦਿਲਚਸਪੀ ਦਿਖਾ ਕੇ, ਅਤੇ ਭਿੰਨਤਾ ਦੀ ਹਿਮਾਇਤ ਅਤੇ ਮਨੁੱਖੀ ਅਧਿਕਾਰਾਂ ਦਾ ਪੱਖ ਪੂਰਨ ਲਈ ਆਵਾਜ਼ ਉਠਾ ਕੇ ਅਤੇ ਕਦਮ ਚੁੱਕ ਕੇ।*

4 *ਲੋਕਤੰਤਰੀ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ*

- *ਜ਼ਿੰਮੇਵਾਰੀ ਦੀ ਵਧ ਰਹੀ ਭਾਵਨਾ ਦਿਖਾ ਕੇ ਅਤੇ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਕੇ।*
- *ਕਮਿਊਨਟੀ ਵਿਚ ਰੁਚੀ ਦੀ ਭਾਵਨਾ ਦਿਖਾ ਕੇ ਅਤੇ ਨਿੱਜੀ ਵਤੀਰੇ ਲਈ ਜਵਾਬਦੇਹ ਬਣ ਕੇ।*
- *ਦੁਨੀਆਂ ਨੂੰ ਸੁਧਾਰਨ ਲਈ ਕਦਮ ਚੁੱਕ ਕੇ।*

ਬੀ ਸੀ ਪ੍ਰਫੌਰਮੈਂਸ ਸਟੈਂਡਰਡਜ਼ ਫਾਰ ਸੋਸ਼ਲ ਰਿਸਪੌਂਸੀਬਿਲਟੀ ਵਿੱਚੋਂ।